ਨਿਊਜ਼ ਰਿਲੀਜ਼

# ਸਾਂਭ-ਸੰਭਾਲਕਰਤਿਆਂ ਲਈ ਸਹਾਇਤਾ ਵਧਾਉਣਾ

24 ਅਕਤੂਬਰ 2023 ਮੀਡੀਆ ਇੰਕੁਆਰੀਆਂ

## ਐਲਬਰਟਾ ਦੀ ਸਰਕਾਰ ਫੌਸਟਰ ਸਾਂਭ-ਸੰਭਾਲਕਰਤਿਆਂ ਲਈ ਨਵੀਂ ਸਹਾਇਤਾ ਅਤੇ ਸਾਂਭ-ਸੰਭਾਲ ਤਹਿਤ ਨੌਜਵਾਨਾਂ ਦੀ ਸਥਿਰਤਾ ਨੂੰ ਬਿਹਤਰ ਬਣਾਉਣ ਲਈ ਉਪਾਵਾਂ ਵਿੱਚ $23.6 ਮਿਲੀਅਨ ਤੋਂ ਵੱਧ ਦਾ ਨਿਵੇਸ਼ ਕਰ ਰਹੀ ਹੈ।

ਫੌਸਟਰ ਸਾਂਭ-ਸੰਭਾਲਕਰਤਾ ਅਤਿ-ਸੰਵੇਦਨਸ਼ੀਲ ਬੱਚਿਆਂ ਅਤੇ ਨੌਜਵਾਨਾਂ ਲਈ ਸਥਿਰ ਅਤੇ ਪਿਆਰ ਭਰੇ ਅਸਥਾਈ ਘਰ ਪ੍ਰਦਾਨ ਕਰਦੇ ਹਨ ਜਿਨ੍ਹਾਂ ਨੂੰ ਰਹਿਣ ਲਈ ਸੁਰੱਖਿਅਤ ਥਾਂ ਦੀ ਲੋੜ ਹੁੰਦੀ ਹੈ। ਫੌਸਟਰ ਸਾਂਭ-ਸੰਭਾਲ ਪ੍ਰਦਾਨ ਕਰਨ ਵਾਲੇ ਐਲਬਰਟਾ ਵਾਸੀਆਂ ਵੱਲੋਂ ਵਕਾਲਤ ਦੇ ਜਵਾਬ ਵਿੱਚ, ਐਲਬਰਟਾ ਦੀ ਸਰਕਾਰ ਦੇਖਭਾਲ ਪ੍ਰਦਾਨ ਕਰਨ ਵਾਲਿਆਂ ਅਤੇ ਦੇਖਭਾਲ ਤਹਿਤ ਨੌਜਵਾਨਾਂ, ਦੋਵਾਂ ਦੀ ਤੰਦਰੁਸਤੀ ਨੂੰ ਵਧਾਉਣ ਲਈ ਨਵੀਆਂ ਪਹਿਲਕਦਮੀਆਂ ਸ਼ੁਰੂ ਕਰ ਰਹੀ ਹੈ।

ਇਕਸਾਰ, ਸਹਾਇਤਾਪੂਰਨ ਰਿਸ਼ਤੇ ਦੋਹਾਂ ਵਾਸਤੇ ਮਹੱਤਵਪੂਰਨ ਹੁੰਦੇ ਹਨ, ਦੇਖਭਾਲ ਤਹਿਤ ਨੌਜਵਾਨਾਂ ਲਈ ਵੀ, ਜਦੋਂ ਉਹ ਫੌਸਟਰ ਸਿਸਟਮ ਤੋਂ ਬਾਲਗਪੁਣੇ 'ਚ ਤਬਦੀਲ ਹੁੰਦੇ ਹਨ ਅਤੇ ਸਾਂਭ-ਸੰਭਾਲ ਕਰਨ ਵਾਲਿਆਂ ਲਈ ਵੀ, ਜੋ ਉਹਨਾਂ ਦੀ ਸਹਾਇਤਾ ਕਰਦੇ ਹਨ। 30 ਨਵੰਬਰ ਤੋਂ, ਐਲਬਰਟਾ ਸਰਕਾਰ ਫੌਸਟਰ ਸਾਂਭ-ਸੰਭਾਲਕਰਤਿਆਂ ਨੂੰ ਰੋਜ਼ਾਨਾਂ ਸਕਿੱਲ ਫੀਸ ਜਾਂ ਵਿਸ਼ੇਸ਼ ਰੇਟ ਦੇਣਾ ਆਰੰਭ ਕਰ ਰਹੀ ਹੈ ਜਿਹੜੇ ਟ੍ਰਾਂਜ਼ੀਸ਼ਨ ਟੂ ਅਡੱਲਟਹੁੱਡ ਪ੍ਰੋਗਰਾਮ 'ਚ ਭਾਗ ਲੈ ਰਹੇ ਨੌਜੁਆਨਾਂ ਨੂੰ ਸਾਂਭ-ਸੰਭਾਲ ਪ੍ਰਦਾਨ ਕਰ ਰਹੇ ਹਨ ਜੋ 18 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਹਨ। 16.7 ਮਿਲੀਅਨ ਡਾਲਰ ਦੀ ਇਹ ਪਹਿਲਕਦਮੀ ਹੋਰ ਵਧੇਰੇ ਫੌਸਟਰ ਸਾਂਭ-ਸੰਭਾਲਕਰਤਿਆਂ ਨੂੰ ਅਤਿ-ਸੰਵੇਦਨਸ਼ੀਲ ਨੌਜਵਾਨਾਂ ਨੂੰ ਉਨ੍ਹਾਂ ਦੇ ਜੀਵਨ ਦੇ ਇੱਕ ਨਾਜ਼ੁਕ ਮੋੜ 'ਤੇ ਮੈਂਟਰਸ਼ਿੱਪ, ਸਹਾਇਤਾ ਅਤੇ ਸਥਿਰਤਾ ਪ੍ਰਦਾਨ ਕਰਨ ਵਿੱਚ ਮਦਦ ਕਰੇਗੀ।

"ਇਸ ਨੂੰ ਇਕੱਲਿਆਂ ਨੈਵੀਗੇਟ ਕੀਤੇ ਬਗੈਰ ਬਾਲਗਪੁਣੇ 'ਚ ਦਾਖਲ ਹੋਣਾ ਕਾਫ਼ੀ ਚੁਣੌਤੀਪੂਰਨ ਹੁੰਦਾ ਹੈ। ਫੌਸਟਰ ਸਾਂਭ-ਸੰਭਾਲ ਪ੍ਰਦਾਨ ਕਰਨ ਵਾਲਿਆਂ ਵੱਲੋਂ ਪ੍ਰਦਾਨ ਸਬੰਧ, ਅਗਵਾਈ ਅਤੇ ਮੈਂਟਰਸ਼ਿੱਪ ਸਾਂਭ-ਸੰਭਾਲ 'ਚੋਂ ਵੱਡੇ ਹੋ ਕੇ ਬਾਹਰ ਨਿਕਲ ਰਹੇ ਨੌਜੁਆਨਾਂ ਲਈ ਬਹੁਤ ਮਹੱਤਵਪੂਰਨ ਹੁੰਦੀ ਹੈ ਅਤੇ ਸਾਡੀ ਸਰਕਾਰ ਜੋ ਕਾਰਵਾਈਆਂ ਕਰ ਰਹੀ ਹੈ, ਉਹ ਇਹ ਯਕੀਨੀ

Classification: Public

ਬਣਾਉਣਗੀਆਂ ਕਿ ਨੌਜਵਾਨ ਬਾਲਗਾਂ ਨੂੰ ਉਹਨਾਂ ਲੋਕਾਂ ਕੋਲੋਂ ਨਿਰੰਤਰ ਸਹਾਇਤਾ ਮਿਲਦੀ ਰਹੇ ਜੋ ਉਹਨਾਂ ਬਾਰੇ ਜਾਣਦੇ ਅਤੇ ਉਹਨਾਂ ਦੀ ਦੇਖਭਾਲ ਕਰਦੇ ਰਹੇ ਹਨ।"

*Searle Turton, ਮਿਨਿਸਟਰ ਆਫ ਚਿਲਡਰਨ ਐਂਡ ਫੈਮਿਲੀ ਸਰਵਿਸਿਜ਼*

ਉਨ੍ਹਾਂ ਲੋੜਾਂ ਅਤੇ ਚੁਣੌਤੀਆਂ ਨੂੰ ਧਿਆਨ 'ਚ ਰੱਖਿਦਿਆਂ, ਜਿਹੜੀਆਂ ਫੌਸਟਰ ਸਾਂਭ-ਸੰਭਾਲ ਕਰਤਾਵਾਂ ਨੂੰ ਰੋਜ਼ਾਨਾਂ ਦਰਪੇਸ਼ ਹੁੰਦੀਆਂ ਹਨ, ਚਾਰ ਸਾਲਾਂ ਦੌਰਾਨ 6.5 ਮਿਲੀਅਨ ਡਾਲਰ ਐਲਬਰਟਾ ਵਿਚਲੇ ਹਰੇਕ ਲਾਇਸੈਂਸਸ਼ੁਦਾ ਫੌਸਟਰ ਹੋਮ ਲਈ ਹਰੇਕ ਸਾਲ ਪੰਜ ਘੰਟਿਆਂ ਦੀ ਕਾਊਂਸਲਿੰਗ ਦੇ ਖਰਚਿਆਂ ਨੂੰ ਕਵਰ ਕਰਨ ਲਈ ਸਮਰਪਤ ਕੀਤੇ ਗਏ ਹਨ। ਇਹ ਫੌਸਟਰ ਸਾਂਭ-ਸੰਭਾਲ ਪ੍ਰਦਾਨ ਕਰਨ ਵਾਲਿਆਂ ਲਈ ਮਾਨਸਿਕ ਸਿਹਤ ਸਹਾਇਤਾ ਤੱਕ ਪਹੁੰਚ ਕਰਨ ਨੂੰ ਸੌਖਾਲਾ ਬਣਾਉਣਗੇ ਜਦੋਂ ਉਨ੍ਹਾਂ ਨੂੰ ਜ਼ਰੂਰਤ ਹੁੰਦੀ ਹੈ ਅਤੇ ਉਨ੍ਹਾਂ ਨੂੰ ਆਪਣਾ ਕੰਮ ਜਾਰੀ ਰੱਖਣ ਲਈ ਲੋੜੀਂਦੀ ਸਹਾਇਤਾ ਨੂੰ ਯਕੀਨੀ ਬਣਾਉਣਗੇ।

ਫੌਸਟਰ ਸਾਂਭ-ਸੰਭਾਲ ਕਰਤਾਵਾਂ ਲਈ ਕਾਊਂਸਲਿੰਗ ਸੈਸ਼ਨਾਂ ਦਾ ਪ੍ਰਬੰਧ ਚਿਲਡਰਨ ਐਂਡ ਫੈਮਿਲੀ ਸਰਵਿਸਿਜ਼ ਰਾਹੀਂ ਜਾਂ ਸੰਭਾਲ ਪ੍ਰਦਾਨ ਕਰਤਾ ਦੀ ਮਰਜ਼ੀ ਦੇ ਕਿਸੇ ਲਾਇਸੈਂਸਸ਼ੁਦਾ ਕਾਊਂਸਲਰ ਰਾਹੀਂ ਕੀਤਾ ਜਾ ਸਕਦਾ ਹੈ। ਫੌਸਟਰ ਸਾਂਭ-ਸੰਭਾਲ ਪ੍ਰਦਾਨਕਰਤਾ ਕਾਊਂਸਲਿੰਗ ਐਲਬਰਟਾ ਵੈੱਬਸਾਈਟ ਰਾਹੀਂ ਵੀ ਮਾਨਸਿਕ ਸਿਹਤ ਸਾਹਇਤਾ ਤੱਕ ਪਹੁੰਚ ਕਰ ਸਕਦੇ ਹਨ।.

"ਫੌਸਟਰ ਸਾਂਭ-ਸੰਭਾਲ ਕਰਤਾ ਉੱਚ ਦਰਜ਼ੇ ਦੇ ਹੁਨਰਮੰਦ ਵਿਅਕਤੀ ਹਨ ਜੋ 24-7 ਜ਼ਰੂਰੀ ਸੇਵਾਵਾਂ ਪ੍ਰਦਾਨ ਕਰਦੇ ਹਨ। ਉਨ੍ਹਾਂ ਦੀ ਤੰਦਰੁਸਤੀ ਮਹੱਤਵਪੂਰਨ ਹੈ, ਅਤੇ ਅਸੀਂ ਇਹ ਵੇਖ ਕੇ ਬਹੁਤ ਖੁਸ਼ ਹਾਂ ਕਿ ਇਹ ਯਕੀਨੀ ਬਣਾਉਣ ਲਈ ਨਵੀਂ ਫੰਡਿੰਗ ਆ ਰਹੀ ਹੈ ਕਿ ਉਨ੍ਹਾਂ ਦੀ ਸਹਾਇਤਾ ਹੋਵੇ ਤਾਂ ਕਿ ਉਹ ਬੱਚਿਆਂ ਦੀ ਸਹਾਇਤਾ ਕਰਨ 'ਤੇ ਆਪਣਾ ਧਿਆਨ ਕੇਂਦਰਿਤ ਕਰ ਸਕਣ।"

*Melissa Jones, ਸੀ ਈ ਓ, ਐਲਬਰਟਾ ਫੌਸਟਰ ਐਂਡ ਕਿੰਨਸ਼ਿੱਪ ਐਸੋਸੀਏਸ਼ਨ*

"ਫੌਸਟਰ ਸਾਂਭ-ਸੰਭਾਲ ਕਰਤਾ ਸਾਡੇ ਬਾਲ ਸੁਰੱਖਿਆ ਪ੍ਰਬੰਧ ਦੀ ਰੀੜ ਦੀ ਹੱਡੀ ਹਨ ਅਤੇ ਉਹ ਆਪਣੀ ਸੰਭਾਲ ਤਹਿਤ ਬੱਚਿਆਂ ਦੇ ਚੰਗੇਰੇ ਭਵਿੱਖ ਨੂੰ ਯਕੀਨੀ ਬਣਾਉਂਦੇ ਹਨ। ਵੁੱਡਜ਼ ਹੋਮਜ਼ ਖੁਸ਼ ਹਨ ਕਿ ਐਲਬਰਟਾ ਸਰਕਾਰ ਚੰਗੀ ਮਾਨਸਿਕ ਸਿਹਤ ਬਣਾਉਣ ਲਈ ਕੇਵਲ ਉਨ੍ਹਾਂ ਦੀ ਹੀ ਸਹਾਇਤਾ ਨਹੀਂ ਕਰ ਰਹੀ ਜਿਹੜੇ ਸਾਂਭ-ਸੰਭਾਲ ਤਹਿਤ ਹਨ, ਸਗੋਂ ਉਨ੍ਹਾਂ ਦੀ ਵੀ ਸਹਾਇਤਾ ਕਰ ਰਹੀ ਹੈ ਜੋ ਉਨ੍ਹਾਂ ਨੂੰ ਸਾਂਭ-ਸੰਭਾਲ ਪ੍ਰਦਾਨ ਕਰਦੇ ਹਨ।"

*Bjorn Johansson, ਸੀ ਈ ਓ, ਵੁੱਡ'ਜ ਹੋਮਜ਼*

## ਰੈਫਰ-ਏ-ਫੌਸਟਰ ਕੇਅਰਗਿਵਰ

ਮੌਜੂਦਾ ਫੌਸਟਰ ਸਾਂਭ-ਸੰਭਾਲ ਪ੍ਰਦਾਨਕਰਤਾ ਜਾਣਦੇ ਹਨ ਕਿ ਕਿਹੜੀ ਚੀਜ਼ ਇਕ ਫੌਸਟਰ ਪਰਿਵਾਰ ਨੂੰ ਵਿਲੱਖਣ ਬਣਾਉਂਦੀ ਹੈ ਅਤੇ ਉਹ ਆਪਣੇ ਆਲੇ-ਦੁਆਲੇ ਦੇ ਲੋਕਾਂ 'ਚੋਂ ਅਜਿਹੀਆਂ ਕੁਆਲਿਟੀਆਂ ਨੂੰ ਵੇਖ ਸਕਦੇ ਹਨ, ਅਤੇ ਮੂੰਹੋਂ ਮੂੰਹ ਰੈਫਰਲ ਨੂੰ ਫੌਸਟਰ ਕਰਨ ਵਾਲੀ ਕਮਿਊਨਿਟੀ ਅੰਦਰ ਹੋਰ ਭਰਤੀ ਕਰਨ ਦੀ ਇਕ ਪ੍ਰਭਾਵਸ਼ਾਲੀ ਰਣਨੀਤੀ ਬਣਾ ਸਕਦੇ ਹਨ।

ਸਾਂਭ-ਸੰਭਾਲ ਤਹਿਤ ਨੌਜੁਆਨ ਲੋਕਾਂ ਅੰਦਰ ਵਧੇਰੇ ਸਥਿਰਤਾ ਲਿਆਉਣ 'ਚ ਸਹਾਇਤਾ ਕਰ ਅਤੇ ਵਧੇਰੇ ਲਾਇਸੈਂਸਸ਼ੁਦਾ ਫੌਸਟਰ ਹੋਮ ਮੁਹੱਈਆ ਕਰਨ ਲਈ ਐਲਬਰਟਾ ਰੈਫਰ-ਏ-ਫੌਸਟਰ ਕੇਅਰਗਿਵਰ ਪ੍ਰੋਗਰਾਮ ਸ਼ੁਰੂ ਕਰ ਰਿਹਾ ਹੈ। ਚਾਰ ਸਾਲਾਂ ਦੌਰਾਨ 450,000 ਡਾਲਰ ਦੇ ਪੂੰਜੀ ਨਿਵੇਸ਼ ਰਾਹੀਂ ਮੌਜੂਦਾ ਫੌਸਟਰ ਸਾਂਭ-ਸੰਭਾਲ ਪ੍ਰਦਾਨਕਰਤਾ ਕਿਸੇ ਵਿਅਕਤੀ, ਜੋੜੇ ਜਾਂ ਪਰਿਵਾਰ ਨੂੰ ਰੈਫਰ ਕਰਨ  ਲਈ ਹਰੇਕ ਵਾਸਤੇ 500 ਡਾਲਰ ਪ੍ਰਾਪਤ ਕਰਨਗੇ, ਜਿਹੜੇ ਜ਼ਰੂਰਮੰਦ ਬੱਚਿਆਂ ਅਤੇ ਨੌਜੁਆਨਾਂ ਲਈ ਫੋਸਟਰ ਹੋਮ ਮੁਹੱਈਆ ਕਰਨ ਲਈ ਲਾਇਸੈਂਸਸ਼ੁਦਾ ਬਣਦੇ ਹਨ।

## ਫੌਰੀ ਤੱਥ

- 2021-22 ਵਿਚ 4,366 ਬੱਚੇ ਫੌਸਟਰ ਸਾਂਭ-ਸੰਭਾਲ 'ਚ ਪਾਏ ਗਏ।

## ਸਬੰਧਤ ਜਾਣਕਾਰੀ

- ਫੌਸਟਰ ਸਾਂਭ-ਸੰਭਾਲ ਪ੍ਰਦਾਨਕਰਤਾ ਬਣੋ
- ਟ੍ਰਾਂਜ਼ੀਸ਼ਨ ਟੂ-ਅਡੱਲਟਹੁੱਡ ਪ੍ਰੋਗਰਾਮ
- ਕਾਊਂਸਲਿੰਗ ਐਲਬਰਟਾ

## ਸਬੰਧਤ ਨਿਊਜ਼

- ਫੌਸਟਰ ਐਂਡ ਕਿੰਨਸ਼ਿੱਪ ਕੇਅਰਗਿਵਰ ਮੰਥ: Minister Turton (2 ਅਕਤੂਬਰ 2023)
- **ਇੰਪੌਵਰਿੰਗ ਯੂਥ ਏਜਿੰਗ ਆਊਟ ਆਫ ਕੇਅਰ** (15 ਮਾਰਚ 2023)

## ਮਲਟੀਮੀਡੀਆ

- ਨਿਊਜ਼ ਕਾਨਫਰੰਸ ਦੇਖੋ

## ਮੀਡੀਆ ਇੰਨਕੁਆਰੀਆਂ


### Ashli Barrett

587-545-8821
ਪ੍ਰੈੱਸ ਸੈਕਰੇਟਰੀ, ਚਿਲਡਰਨ ਐਂਡ ਫੈਮਿਲੀ ਸਰਵਿਸਿਜ਼


Classification: Public